Calgary

# Vehicle for Hire

**ਬੁਲੇਟਿਨ # 003**

## ਜ਼ਰੂਰੀ ਤਬਦੀਲੀਆਂ - ਟੈਕਸੀ ਡ੍ਰਾਈਵਰ ਲਾਇਸੈਂਸ ਪੁਲਿਸ ਚੈੱਕ 1 ਅਕਤੂਬਰ 2024

---

ਵਹੀਕਲ ਫੌਰ ਹਾਇਰ ਨਵੀਂਆਂ ਟੈਕਸੀ ਡਰਾਈਵਰ ਲਾਇਸੈਂਸ ਅਰਜ਼ੀਆਂ ਅਤੇ ਰੀਨਿਊ ਕਰਨ ਲਈ ਟੈਕਸੀ ਡ੍ਰਾਈਵਰ ਲਾਇਸੈਂਸ ਅਰਜ਼ੀਆਂ ਵਾਸਤੇ ਪੁਲਿਸ ਜਾਣਕਾਰੀ ਚੈੱਕ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਆਉਣ ਵਾਲੀ ਇੱਕ ਮਹੱਤਵਪੂਰਨ ਤਬਦੀਲੀ ਬਾਰੇ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹੈ।

ਵਰਤਮਾਨ ਵਿੱਚ, ਪੁਲਿਸ ਚੈੱਕਾਂ ਨੂੰ ਸੌਖਾ ਬਣਾਉਣ ਲਈ ਸਾਡਾ ਅੰਦਰੂਨੀ ਸਿਸਟਮ ਕੈਲਗਰੀ ਪੁਲਿਸ ਸਰਵਿਸ ਨਾਲ ਏਕੀਕ੍ਰਿਤ ਹੈ। ਪਰੰਤੂ, ਕੈਲਗਰੀ ਪੁਲਿਸ ਸਰਵਿਸ ਨੇ ਕਿਹਾ ਹੈ ਕਿ, **1 ਜਨਵਰੀ, 2025 ਤੋਂ ਪ੍ਰਭਾਵੀ**, ਉਹ ਹੁਣ ਇਸ ਏਕੀਕਰਣ ਦਾ ਸਮਰਥਨ ਨਹੀਂ ਕਰਨਗੇ। ਨਤੀਜੇ ਵਜੋਂ, **ਸਾਰੇ ਟੈਕਸੀ ਡਰਾਈਵਰ** ਬਿਨੈਕਾਰਾਂ ਨੂੰ ਆਪਣੀ ਨਵੀਂ ਜਾਂ ਰੀਨਿਊ ਕਰਨ ਦੀ ਅਰਜ਼ੀ ਦੇ ਹਿੱਸੇ ਵਜੋਂ **ਆਪਣੇ ਨਿਵਾਸ ਵਾਲੇ ਸ਼ਹਿਰ ਦੀ ਪੁਲਿਸ ਸਰਵਿਸ ਤੋਂ ਸਿੱਧੇ ਤੌਰ** 'ਤੇ ਆਪਣਾ ਪੁਲਿਸ ਚੈੱਕ ਪ੍ਰਾਪਤ ਕਰਨ ਅਤੇ ਨਤੀਜਿਆਂ ਨੂੰ ਵਹੀਕਲ ਫੌਰ ਹਾਇਰ ਦਫ਼ਤਰ ਨੂੰ ਜਮ੍ਹਾ ਕਰਾਉਣ ਦੀ ਲੋੜ ਹੋਵੇਗੀ।

ਇਸ ਤਬਦੀਲੀ ਦੀ ਤਿਆਰੀ ਵਿੱਚ, ਅਸੀਂ 1 ਜਨਵਰੀ, 2025 ਤੱਕ ਹਾਈਬ੍ਰਿਡ ਪਹੁੰਚ ਵਰਤਾਂਗੇ। ਇਸ ਸਮੇਂ ਦੌਰਾਨ, ਅਸੀਂ ਆਪਣੇ ਮੌਜੂਦਾ ਸਿਸਟਮ ਰਾਹੀਂ ਪੁਲਿਸ ਚੈੱਕਾਂ ਦੀ ਸਹੂਲਤ ਦੇਣਾ ਜਾਰੀ ਰੱਖਾਂਗੇ, ਪਰ ਬਿਨੈਕਾਰਾਂ ਕੋਲ ਸਾਡੇ ਫਰੰਟ ਕਾਊਂਟਰ 'ਤੇ ਇੱਕ ਵੈਧ ਪੁਲਿਸ ਚੈੱਕ ਜਮ੍ਹਾ ਕਰਾਉਣ ਦਾ ਵਿਕਲਪ ਵੀ ਹੈ। 1 ਜਨਵਰੀ, 2025 ਤੋਂ, ਟੈਕਸੀ ਡ੍ਰਾਈਵਰ ਲਾਇਸੈਂਸ ਲਈ ਅਪਲਾਈ ਕਰਨ ਜਾਂ ਆਪਣਾ ਡ੍ਰਾਈਵਰ ਲਾਇਸੈਂਸ ਰੀਨਿਊ ਕਰਨਾ ਚਾਹੁਣ ਵਾਲੇ ਸਾਰੇ ਡਰਾਈਵਰਾਂ ਲਈ ਜਮ੍ਹਾ ਕਰਨ ਵਾਸਤੇ ਵਹੀਕਲ ਫੌਰ ਹਾਇਰ ਦਫ਼ਤਰ ਵਿੱਚ ਆਪਣਾ ਖੁਦ ਦਾ ਪੁਲਿਸ ਚੈੱਕ ਲਿਆਉਣਾ ਲਾਜ਼ਮੀ ਹੈ। ਜਮ੍ਹਾ ਕੀਤੇ ਪੁਲਿਸ ਚੈੱਕਾਂ ਦੀ ਮਿਤੀ ਐਪਲੀਕੇਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੋਣੀ ਲਾਜ਼ਮੀ ਹੈ।

ਇਸ ਤਬਦੀਲੀ ਦਾ ਲਾਭ - ਵਰਤਮਾਨ ਵਿੱਚ ਟੈਕਸੀ ਡਰਾਈਵਰ ਲਾਇਸੈਂਸ ਅਤੇ ਟ੍ਰਾਂਸਪੋਰਟੇਸ਼ਨ ਨੈੱਟਵਰਕ ਡ੍ਰਾਈਵਰ ਲਾਇਸੈਂਸ ਦੋਵਾਂ ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਵਾਸਤੇ ਦੋ ਵੱਖਰੇ ਪੁਲਿਸ ਚੈੱਕ ਪ੍ਰਾਪਤ ਕਰਨਾ ਲਾਜ਼ਮੀ ਹੈ। ਨਵੀਂ ਪ੍ਰਕਿਰਿਆ ਦੇ ਨਾਲ, ਦੋਵਾਂ ਅਰਜ਼ੀਆਂ ਲਈ ਇੱਕੋ ਪੁਲਿਸ ਚੈੱਕ ਸਵੀਕਾਰ ਕੀਤਾ ਜਾਵੇਗਾ, ਜਿਸ ਨਾਲ ਬਿਨੈਕਾਰਾਂ ਦੇ ਸਮੇਂ ਦੀ ਬਚਤ ਹੋਵੇਗੀ ਅਤੇ ਖਰਚਾ ਘੱਟ ਹੋਵੇਗਾ।

ਕੈਲਗਰੀ ਪੁਲਿਸ ਚੈੱਕ ਵਾਸਤੇ ਅਰਜ਼ੀ ਦੇਣ ਲਈ, ਕਿਰਪਾ ਕਰਕੇ ਇਸ ਲਿੰਕ ਨੂੰ ਫਾਲੋ ਕਰੋ: *ਕੈਲਗਰੀ ਪੁਲਿਸ ਚੈੱਕ*

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ vfhlicensing@calgary.ca 'ਤੇ ਈਮੇਲ ਕਰੋ।

ਦਿਲੋਂ,

ਕੋਰੀ ਪੋਰਟਰ
ਡਿਪਟੀ ਚੀਫ਼, ਵਹੀਕਲ ਫੌਰ ਹਾਇਰ
ਪਬਲਿਕ ਵਹੀਕਲ ਸਟੈਂਡਰਡਜ਼